| | | |
|---|---|---|
| | # ਪੰਜਾਬ ਲੋਕ ਸੇਵਾ ਕਮਿਸ਼ਨ<br>ਬਾਰਾਂਦਰੀ ਗਾਰਡਨ, ਪਟਿਆਲਾ-147001<br>ਵੈਬਸਾਈਟ:www.ppsc.gov.in | ਵਿਗਿਆਪਨ ਨੰ:04 |

ਪੰਜਾਬ ਲੋਕ ਸੇਵਾ ਕਮਿਸ਼ਨ ਵੱਲੋਂ **ਪੰਜਾਬ ਰਾਜ ਸਿਵਲ ਸੇਵਾਵਾਂ ਸਾਂਝੇ ਮੁਕਾਬਲੇ ਦੀ ਪ੍ਰੀਖਿਆ 2009** ਦੇ ਆਧਾਰ ਤੇ **143 ਅਸਾਮੀਆਂ** ਭਰਨ ਲਈ ਪਾਤਰ ਉਮੀਦਵਾਰਾਂ ਪਾਸੋਂ ਬੇਨਤੀ ਪੱਤਰ ਮੰਗੇ ਜਾਂਦੇ ਹਨ।

**ਨੋਟ:- ਇਹ ਵਿਗਿਆਪਨ ਸਬੰਧਤ ਵਿਭਾਗਾਂ ਪਾਸੋਂ ਪ੍ਰਾਪਤ ਮੰਗ ਪੱਤਰਾਂ ਅਤੇ ਸਮੇਂ ਸਿਰ ਨੋਟੀਫਾਈਡ ਹੋਏ ਰੂਲਾਂ ਅਨੁਸਾਰ ਹੇਠ ਦਰਸਾਈਆਂ ਅਸਾਮੀਆਂ ਲਈ ਛਾਪਿਆ ਜਾ ਰਿਹਾ ਹੈ ਅਤੇ ਇਸ ਵਿੱਚ ਸਰਕਾਰ ਵਲੋਂ ਕਿਸੇ ਸਮੇਂ ਵੀ ਸੋਧ/ਤਰਮੀਮ ਕੀਤੀ ਜਾ ਸਕਦੀ ਹੈ ।**

1. **ਅਸਾਮੀਆਂ**

| ਲੜੀ ਨੰ: | ਅਸਾਮੀ ਦਾ ਨਾਂ | ਅਸਾਮੀਆਂ ਦੀ ਗਿਣਤੀ |
|---|---|---|
| 1. | ਪੰਜਾਬ ਸਿਵਲ ਸਰਵਿਸ (ਕਾਰਜਕਾਰੀ ਸ਼ਾਖਾ) | 38 |
| 2. | ਡਿਪਟੀ ਸੁਪਰਡੰਟ ਆਫ਼ ਪੁਲਿਸ | 18 |
| 3. | ਆਬਕਾਰੀ ਤੇ ਕਰ ਅਫਸਰ | 37 |
| 4. | ਤਹਿਸੀਲਦਾਰ | 06 |
| 5. | ਖੁਰਾਕ ਸਪਲਾਈ ਅਤੇ ਖਪਤਕਾਰ ਮਾਮਲੇ ਅਫਸਰ | 05 |
| 6. | ਬਲਾਕ ਵਿਕਾਸ ਅਤੇ ਪੰਚਾਇਤ ਅਫਸਰ | 15 |
| 7. | ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ | 08 |
| 8. | ਕਿਰਤ ਅਤੇ ਸੁਲ੍ਹਾ-ਸਫਾਈ ਅਫਸਰ | 03 |
| 9. | ਰੋਜ਼ਗਾਰ ਸਿਰਜਨ ਅਤੇ ਸਿਖਲਾਈ ਅਫਸਰ | 13 |
| | **ਕੁੱਲ** | 143 |

2. **ਜਰੂਰੀ ਯੋਗਤਾਵਾਂ:-**

1. ਉਮੀਦਵਾਰ ਨੇ ਕਿਸੇ ਵੀ ਭਾਰਤ ਸਰਕਾਰ ਵਲੋਂ ਮਾਨਤਾ ਪ੍ਰਾਪਤ ਯੂਨੀਵਰਸਿਟੀ **ਜਾਂ** ਸੰਸਥਾ ਤੋਂ ਕਿਸੇ ਵੀ ਖੇਤਰ ਵਿੱਚ **ਸਨਾਤਕ ਡਿਗਰੀ** ਹਾਸਲ ਕੀਤੀ ਹੋਵੇ ਬਸ਼ਰਤੇ ਕਿ ਉਨ੍ਹਾਂ ਉਮੀਦਵਾਰਾਂ ਨੂੰ ਵੀ ਆਰੰਭਕ ਪ੍ਰੀਖਿਆ ਵਿੱਚ ਬੈਠਣ ਦੀ ਆਗਿਆ ਹੋਵੇਗੀ, ਜੋ ਉਮੀਦਵਾਰ ਆਪਣੀ ਡਿਗਰੀ ਦੀ ਪੜ੍ਹਾਈ ਕਰ ਰਹੇ ਹਨ, ਪ੍ਰੰਤੂ ਉਮੀਦਵਾਰ ਮੁਖ ਪ੍ਰੀਖਿਆ ਵਿੱਚ ਅਪੀਅਰ ਹੋਣ ਲਈ ਤਦ ਹੀ ਪਾਤਰ ਹੋਣਗੇ ਜੇ ਉਹ ਆਪਣੀ ਡਿਗਰੀ ਉਸੇ ਸਾਲ ਵਿੱਚ ਮੁਕੰਮਲ ਹੋਣ ਸਬੰਧੀ ਸਬੂਤ ਪੇਸ਼ ਕਰਨਗੇ ।
2. ਮੈਟ੍ਰਿਕ ਵਿੱਚ **ਪੰਜਾਬੀ** ਜਾਂ ਇਸ ਦੇ ਬਰਾਬਰ ਪੱਧਰ ਦੀ ਪ੍ਰੀਖਿਆ ਅਰਜ਼ੀਆ ਪ੍ਰਾਪਤ ਹੋਣ ਦੀ ਆਖਰੀ ਮਿਤੀ ਜੋ 28-12-2009 ਹੈ, ਤੱਕ ਪਾਸ ਕੀਤੀ ਹੋਵੇ ।
3. **ਉਮਰ 21-35 ਸਾਲ** ਹੋਵੇਗੀ ਰਾਖਵੇਂ ਵਰਗਾਂ ਲਈ ਸਰਕਾਰ ਵਲੋਂ ਜਾਰੀ ਹੇਠ ਲਿਖੀਆਂ ਹਦਾਇਤਾਂ ਅਨੁਸਾਰ ਛੋਟ ।

(i) ਪਰ ਸ਼ਰਤ ਇਹ ਹੈ ਕਿ ਪੰਜਾਬ ਪੁਲਿਸ ਸਰਵਿਸ ਵਾਲੇ ਉਮੀਦਵਾਰਾਂ ਦੇ ਕੇਸ ਵਿੱਚ ਮਿਤੀ 1-1-2009 ਨੂੰ ਘੱਟੋ-ਘੱਟ ਉਮਰ 21 ਸਾਲ ਅਤੇ ਵੱਧ ਤੋਂ ਵੱਧ ਉਮਰ ਸੀਮਾ 28 ਸਾਲ ਹੋਣੀ ਚਾਹੀਦੀ ਹੈ ।

(ii) ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਪੰਜਾਬ ਨਾਲ ਸਬੰਧਤ ਉਮੀਦਵਾਰਾਂ ਨੂੰ ਪੰਜਾਬ ਸਰਕਾਰ ਦੁਆਰਾ ਜਾਰੀ ਹਦਾਇਤਾਂ ਅਨੁਸਾਰ ਉਮਰ ਵਿੱਚ ਪੰਜ ਸਾਲ ਤੱਕ ਦੀ ਛੋਟ ਹੋਵੇਗੀ ਜਿਸ ਵਿੱਚ ਪੰਜਾਬ ਪੁਲਿਸ ਸਰਵਿਸ ਸ਼ਾਮਲ ਹੈ ।

(iii) ਪੰਜਾਬ ਸਰਕਾਰ ਦੇ ਕਰਮਚਾਰੀ, ਸਮੇਤ ਕੋਰਟਾਂ, ਜਿਨ੍ਹਾਂ ਨੇ ਸਰਕਾਰ ਅਧੀਨ ਘੱਟੋ-ਘੱਟ ਚਾਰ ਸਾਲ ਲਗਾਤਾਰ ਸੇਵਾ ਪੂਰੀ ਕਰ ਲਈ ਹੈ, ਨੂੰ ਉਪਰਲੀ ਉਮਰ ਸੀਮਾ ਵਿੱਚ 45 ਸਾਲ ਤੱਕ ਛੋਟ ਹੋਵੇਗੀ ।

3. **ਅਰਜੀਆਂ ਆਉਣ ਦੀ ਅੰਤਿਮ ਮਿਤੀ:- 28-12-2009.**

**ਜ਼ਰੂਰੀ ਨੋਟ:- ਉਮੀਦਵਾਰ ਆਪਣੀਆ ਅਰਜ਼ੀਆਂ ਸਿਰਫ ੳ.ਐਮ.ਆਰ.ਸ਼ੀਟ ਤੇ ਹੀ ਭੇਜ ਸਕਦੇ ਹਨ । ਇਹ OMR sheet "ਸੂਚਨਾਂ ਬਰੋਸ਼ਰ" ਦੇ ਨਾਲ ਕਮਿਸ਼ਨ ਦੇ ਸੁਆਗਤੀ ਕਾਊਂਟਰ ਤੇ ਦਫ਼ਤਰੀ ਸਮੇਂ ਦੌਰਾਨ ਕੰਮ ਵਾਲੇ ਦਿਨ ਉਪਲਬਧ ਹਨ । "ਸੂਚਨਾਂ ਬਰੋਸ਼ਰ" ਦੀ ਕੀਮਤ 500/- ਰੁਪਏ ਹੈ (ਜਿਸ ਵਿੱਚ ੳ.ਐਮ.ਆਰ.ਸ਼ੀਟ ਅਤੇ ਸਿਲੇਬਸ ਸ਼ਾਮਲ ਹੈ)**

ਵਧੇਰੇ ਜਾਣਕਾਰੀ ਲਈ ਕਮਿਸ਼ਨ ਦੀ ਵੈਬਸਾਈਟ www.ppsc.gov.in ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ ।

ਸਹੀ/-
ਸਕੱਤਰ
ਪੰਜਾਬ ਲੋਕ ਸੇਵਾ ਕਮਿਸ਼ਨ,
ਪਟਿਆਲਾ ।

ਮਿਤੀ:- 26-11-2009